# ਦਫਤਰ: ਪ੍ਰਿੰਸੀਪਲ, ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ

ਮਿਤੀ 30-07-2020

ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਹੜੇ ਵਿਦਿਆਰਥੀ ਪੰਜਾਬੀ ਯੂਨੀਵਰਸਿਟੀ ਵਲੋਂ ਕੋਵਿਡ-19 ਨੂੰ ਮੱਦੇਨਜਰ ਰੱਖਦੇ ਹੋਏ (ਯੂਨੀਵਰਸਿਟੀ ਨਿਯਮਾ ਅਨੁਸਾਰ) ਜਿਨ੍ਹਾਂ ਜਮਾਤਾ ਨੂੰ ਅਗਲੀ ਜਮਾਤ ਵਿੱਚ ਪ੍ਰਮੋਟ ਕਰ ਦਿੱਤੇ ਗਏ ਹਨ। ਉਹ ਵਿਦਿਆਰਥੀ ਆਪਣੀ ਦਾਖਲਾ ਫੀਸ ਮਿਤੀ 01-08-2020 ਤੋਂ 08-08-2020 ਤੱਕ ਆਨਲਾਈਨ ਐਡਮੀਸ਼ਨ ਪੋਰਟਰ http://www.gbcpatialaadmission.com ਤੋਂ ਚਲਾਨ Download ਕਰਕੇ ਬੈਂਕ ਫੀਸ ਜਮਾਂ ਕਰਵਾਉਣ ਤੇ ਰਸੀਦ ਦੀ ਇੱਕ ਕਾਪੀ ਆਪਣੇ ਟਿਊਟਰ ਨੂੰ Whatsapp ਤੇ ਭੇਜਣ।

ਜਿਨ੍ਹਾਂ ਐਸ.ਸੀ. ਵਿਦਿਆਰਥੀਆਂ ਦੀ ਸਲਾਨਾ ਆਮਦਨ 2.5 ਲੱਖ ਰੁਪਏ ਤੋਂ ਘੱਟ ਹੈ ਅਤੇ ਉਹ ਫੀਸ ਵਿੱਚ ਰਿਆਇਤ ਲੈਣਾ ਚਾਹੁੰਦੇ ਹਨ ਉਹ ਹੇਠ ਲਿਖੇ ਦਸਤਾਵੇਜ਼ ਵੀ Whatsapp ਤੇ ਭੇਜਣ:-

1. 2.5 ਲੱਖ ਤੱਕ ਆਮਦਨ ਦਾ ਸਰਟੀਫਿਕੇਟ (ਮਿਤੀ 01-04-2020 ਤੋਂ ਬਾਅਦ ਤਹਿਸੀਲਦਾਰ ਵੱਲੋਂ ਜਾਰੀ ਜਾਂ ਸਵੈ-ਘੋਸਣਾ ਪੱਤਰ)
2. ਇਹ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਪੂਰੀ ਫੀਸ ਭਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆ ਹਨ ਤਾਂ ਵਿਦਿਆਰਥੀ ਪੂਰੀ ਫੀਸ ਭਰਨ ਦਾ ਪਾਬੰਦ ਹੋਵੇਗਾ।

**ਨੋਟ**:- ਫੀਸ ਵਿੱਚ ਰਿਆਇਤ ਲੈਣ ਵਾਲੇ ਐਸ.ਸੀ. ਵਿਦਿਆਰਥੀ ਲਈ ਡਾ. ਅੰਬੇਦਕਰ ਸਕਾਲਰਸਿਪ ਪੋਰਟਲ ਉਤੇ ਸਕਾਲਰਸਿਪ ਲਈ ਅਪਲਾਈ ਕਰਨਾ ਲਾਜਮੀ ਹੈ। ਜੇਕਰ ਕਿਸੀ ਵਿਦਿਆਰਥੀ ਵੱਲੋਂ ਕਿਸੇ ਵੀ ਕਾਰਨ ਕਰਕੇ ਡਾ. ਅੰਬੇਦਕਰ ਪੋਰਟਲ ਤੇ ਸਕਾਲਰਸਿਪ ਅਪਲਾਈ ਨਹੀਂ ਹੁੰਦਾ ਤਾਂ ਉਹ ਵਿਦਿਆਰਥੀ ਕਾਲਜ ਦੀ ਪੂਰੀ ਫੀਸ ਭਰਨ ਦਾ ਪਾਬੰਦ ਹੋਵੇਗਾ ਤੇ ਅਪਲਾਈ ਕਰਨ ਸਮੇਂ 2.5 ਲੱਖ ਤੱਕ ਆਮਦਨ ਦਾ ਸਰਟੀਫਿਕੇਟ ਮਿਤੀ 01-04-2020 ਤੋਂ ਬਾਅਦ ਤਹਿਸੀਲਦਾਰ ਵੱਲੋਂ ਜਾਰੀ ਕੀਤਾ ਗਿਆ ਹੋਵੇ। ਨਾ ਹੋਣ ਦੀ ਸੂਰਤ ਵਿਚ ਪੂਰੀ ਫੀਸ ਭਰਨੀ ਹੋਵੇਗੀ।

ਜੇਕਰ ਕਿਸੇ ਵਿਦਿਆਰਥੀ ਵਲੋਂ ਕੋਈ ਵੀ ਗਲਤ ਦਸਤਾਵੇਜ ਅਪਲੋਡ ਕੀਤਾ ਜਾਂਦਾ ਹੈ ਤਾਂ ਉਸਦਾ ਦਾਖਲਾ ਫਾਰਮ ਰੱਦ ਸਮਝਿਆ ਜਾਵੇਗਾ।

ਦਾਖਲਾ ਉਪਰੰਤ ਜੇਕਰ ਕਿਸੇ ਵਿਦਿਆਰਥੀ ਦਾ ਕੋਈ ਦਸਤਾਵੇਜ ਅਯੋਗ ਪਾਇਆ ਗਿਆ ਤਾਂ ਉਸ ਵਿਦਿਆਰਥੀ ਦਾ ਦਾਖਲਾ ਰੱਦ ਕੀਤਾ ਜਾਵੇਗਾ ਅਤੇ ਬਣਦੀ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ। **ਇਸ ਦੀ ਨਿਰੋਲ ਜਿਮੇਵਾਰੀ ਵਿਦਿਆਰਥੀ ਦੀ ਨਿੱਜੀ ਹੋਵੇਗੀ।**

ਪ੍ਰਿੰਸੀਪਲ,<br>
ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ,<br>
ਪਟਿਆਲਾ।